ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਨੰ:2 ਲੋ:ਨਿ:ਵਿ:, (ਭ ਤੇ ਮ) ਸ਼ਾਖਾ ਕਪੂਰਥਲਾ

ਸੇਵਾ ਵਿਖੇ,

Hotel Miracle Resorts,
Phagwara to BangaRoad L.H.S.,
(Phagwara Sharki),
Tehsil Phagwara, District Kapurthala.

ਨੰ: ੨੦੮ ਮਿਤੀ: 16-05-੨੦੨੨

ਵਿਸ਼ਾ:- Hotel Miracle Resorts at Phagwara to Banga Road L.H.S (Phagwara Sharki), Tehsil Phagwara, District Kapurthala ਲਈ ਰਸਤੇ ਦੀ ਐਨ.ਓ.ਸੀ. ਲੈਣ ਸਬੰਧੀ।

ਹਵਾਲਾ:- ਆਪ ਜੀ ਦਾ ਪੱਤਰ ਨੰ: ਨਿੱਲ ਮਿਤੀ 24.03.2022

ਉਪਰੋਕਤ ਵਿਸ਼ੇ ਅਤੇ ਹਵਾਲੇ ਦੇ ਸਬੰਧ ਵਿੱਚ ਉਪ ਮੰਡਲ ਇੰਜੀਨੀਅਰ ਉਸਾਰੀ ਉਪ ਮੰਡਲ ਫਗਵਾੜਾ ਦੀ ਰਿਪੋਰਟ ਮੁਤਾਬਿਕ ਉਪਰੋਕਤ ਸਾਈਟ ਦਾ ਮੌਕਾ ਦੇਖਿਆ ਗਿਆ। ਉਹਨਾ ਦੀ ਸਿਫਾਰਸ਼ ਅਤੇ ਨਿਮਨ ਲਿਖਤ ਸ਼ਰਤਾਂ ਅਨੁਸਾਰ ਰਸਤੇ ਦੀ ਐਨ.ਓ.ਸੀ. ਦੇਣ ਵਿੱਚ ਕੋਈ ਇਤਰਾਜ ਨਹੀ ਹੈ ਜੋ ਕਿ ਹੇਠ ਲਿਖੇ ਅਨੁਸਾਰ ਹਨ:-

1. ਇਹ ਕਿ ਮਾਲ ਵਿਭਾਗ ਦੁਆਰਾ ਦਿੱਤੀ ਗਈ ਨਿਸ਼ਾਨਦੇਹੀ ਮੁਤਾਬਕ ਆਪਣੀ ਮਲਕੀਅਤ ਵਿੱਚ ਹੀ ਉਸਾਰੀ ਕਰੋਗੇ।
2. ਇਹ ਕਿ ਕਿਸੇ ਵੀ ਤਰ੍ਹਾ ਦੇ ਪਾਣੀ ਦੇ ਨਿਕਾਸ ਦਾ ਪ੍ਰਬੰਧ / ਬਿਜਲੀ ਦੇ ਕੁਨੈਕਸ਼ਨ ਦਾ ਪ੍ਰਬੰਧ ਆਪਣੀ ਜਗ੍ਹਾ ਵਿੱਚ ਹੀ ਕਰੋਗੇ।
3. ਇਹ ਕਿ ਕਿਸੇ ਵੀ ਤਰ੍ਹਾ ਦਾ ਸਾਈਨ ਬੋਰਡ ਪੀ.ਡਬਲਯੂ.ਡੀ. ਦੀ ਜਗ੍ਹਾ ਵਿੱਚ ਨਹੀ ਲਗਾਓਗੇ, ਜਿਸ ਨਾਲ ਟਰੈਫਿਕ ਵਿੱਚ ਕੋਈ ਰੁਕਾਵਟ ਪੈਦਾ ਹੋਵੇ।
4. ਇਹ ਕਿ ਸੜਕ ਉਪਰ ਗੰਦਾ ਪਾਣੀ ਜਾਂ ਬਾਰਿਸ਼ ਦਾ ਪਾਣੀ ਨਹੀ ਛੱਡੋਗੇ।
5. ਇਹ ਕਿ ਗੱਡੀਆਂ ਦੀ ਪਾਰਕਿੰਗ ਦਾ ਪ੍ਰਬੰਧ ਆਪਣੀ ਜਗ੍ਹਾ ਵਿੱਚ ਕਰੋਗੇ ਅਤੇ ਨਾ ਹੀ ਸੜਕ ਦੀ ਜਗ੍ਹਾ ਤੇ ਕੋਈ ਰੈਂਪ ਜਾ ਪੌੜੀਆਂ ਆਦਿ ਬਣਾਵੋਗੇ, ਜਿਸ ਨਾਲ ਟਰੈਫਿਕ ਵਿੱਚ ਕੋਈ ਵਿਘਨ ਨਾ ਪਵੇ।
6. ਇਹ ਕਿ ਮਹਿਕਮਾ ਲੋਕ ਨਿਰਮਾਣ ਵਿਭਾਗ ਅਤੇ ਰੋਡ ਸਬੰਧੀ ਸਾਰੇ ਕਾਨੂੰਨਾਂ ਦੀ ਪਾਲਣਾ ਕਰਨੀ ਪਵੇਗੀ। ਅਗਰ ਆਪ ਵੱਲੋ ਉਕਤ ਸ਼ਰਤਾ ਦੀ ਉਲੰਘਣਾ ਕੀਤੀ ਜਾਦੀ ਹੈ ਅਤੇ ਕਿਸੇ ਵੀ ਤਰ੍ਹਾ ਦੀ ਕੀਤੀ ਉਸਾਰੀ ਨਜ਼ਾਇਜ਼ ਪਾਈ ਗਈ ਤਾਂ ਆਪ ਉਸ ਨੂੰ ਆਪਣੇ ਖਰਚੇ ਤੋਂ ਢਾਉਣ ਦੇ ਪਾਬੰਦ ਹੋਵੋਗੇ।
7. ਇਹ ਕਿ ਪੀ.ਡਬਲਯੂ.ਡੀ. ਦੀ ਜਗ੍ਹਾ ਤੇ ਕੋਈ ਵੀ ਉਸਾਰੀ ਨਹੀ ਕਰਾਂਗਾ। ਸਿਰਫ ਰਸਤੇ ਲਈ ਹੀ ਇਸਤੇਮਾਲ ਕਰਾਂਗਾ।
8. ਇਹ ਕਿ ਭਵਿੱਖ ਵਿੱਚ ਜੇਕਰ ਸੜਕ ਸਰਕਾਰ ਚੋੜੀ ਜਾਂ ਹੋਰ ਕਿਸੇ ਤਰ੍ਹਾਂ ਦੀ ਕਾਰਵਾਈ ਕੀਤੀ ਜਾਂਦੀ ਹੈ ਤਾਂ ਏਜੰਸੀ ਆਪਣੀ ਜਗ੍ਹਾ ਨੂੰ ਸਰਕਾਰ ਨੂੰ ਐਕਵਾਈਰ ਕਰਨ ਦੇਣ ਲਈ ਪਾਬੰਧ ਹੋਵੇਗੀ ਅਤੇ ਕੋਈ ਕਲੇਮ / ਇਤਰਾਜ ਨਹੀ ਕਰੋਗੇ।
9. ਇਹ ਕਿ ਸਰਕਾਰ ਵੱਲੋਂ ਨਿਰਧਾਰਤ ਅਕਸੈਸ ਫੀਸ ਅਤੇ ਜੇਕਰ ਕੋਈ ਸਲਾਨਾ ਫੀਸ ਜਾਂ ਕੋਈ ਹੋਰ ਫੀਸ ਭਵਿੱਖ ਵਿੱਚ ਫਿਕਸ ਕੀਤੀ ਜਾਂਦੀ ਹੈ ਤਾਂ ਤੁਸੀ ਉਹ ਦੇਣ ਦੇ ਪਾਬੰਦ ਹੋਵੋਗੇ।

ਨੱਥੀ/×

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਨੰ:2,ਲੋ:ਨਿ:ਵਿ:,
ਭ ਤੇ ਮ ਸ਼ਾਖਾ ਕਪੂਰਥਲਾ।

ਪਿੰਠ ਅੰਕਣ ਨੰ: ਮਿਤੀ:

ਉਪਰੋਕਤ ਦਾ ਉਤਾਰਾ ਸਮੇਤ ਅਸਲ ਡਰਾਫਟ 1,50,000/- ਰੁਪਏ ਦਾ ਅਸੈਸਮਨੀ ਅਤੇ 10,000/- ਰੁਪਏ ਪ੍ਰੋਸੈਸਿੰਗ ਫੀਸ **Joint Secretary Punjab Road and Bridges Development Board Mohali** ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਨੱਥੀ/**D.D.no.563654 for 1,50,000/-**
**D.D.no.563655 for 10,000/-**

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਨੰ:2,ਲੋ:ਨਿ:ਵਿ:,
ਭ ਤੇ ਮ ਸ਼ਾਖਾ ਕਪੂਰਥਲਾ।

ਪਿੰਠ ਅੰਕਣ ਨੰ: ਮਿਤੀ:

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ ਉਸਾਰੀ ਉਪ ਮੰਡਲ ਫਗਵਾੜਾ ਨੂੰ ਉਹਨਾ ਦੇ ਪੱਤਰ ਨੰ: 5 ਮਿਤੀ 16.05.2022 ਦੇ ਸਬੰਧ ਵਿਚ ਲੋੜੀਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਨੱਥੀ/×

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਨੰ:2,ਲੋ:ਨਿ:ਵਿ:,
ਭ ਤੇ ਮ ਸ਼ਾਖਾ ਕਪੂਰਥਲਾ।